**THE PUNJAB STATE BOARD OF TECHNICAL EDUCATION AND INDUSTRIAL TRAINING**

Plot No. 1-A, Sec. 36-A, Chandigarh Ph.: 0172-2615385 Fax: 2664333 e-mail: ceitipb@gmail.com

No. PSBTE&IT/ITI/2020/1226 Very Urgent Date: 15/12/2020

ਸੇਵਾ ਵਿਖੇ

ਪ੍ਰਿੰਸੀਪਲ/ਮੁੱਖ ਅਧਿਆਪਕ,
ਸਮੂਹ ਸਰਕਾਰੀ/ਪ੍ਰਾਈਵੇਟ ਆਈ.ਟੀ.ਆਈ/ ਆਈ.ਟੀ.ਸੀ.(ਇ:),
ਆਰਟ ਐਂਡ ਕਰਾਫਟ, ਟੀਚਰ ਟਰੇਨਿੰਗ ਸੰਸਥਾਵਾਂ,
ਪੰਜਾਬ ਰਾਜ ਅਧੀਨ।

Subject:- For collection of SCVT examination fee (session 2020-21), APF (i) Annual System, (ii) Semester System under Craftsman Training Scheme to be held in the month of January 2021.

ਹਵਾਲਾ: PSBTE&IT/ITI/20/306 dated 28-02-2020.

ਉਪਰੋਕਤ ਵਿਸ਼ੇ ਸਬੰਧੀ ਸੁਚਿਤ ਕੀਤਾ ਜਾਂਦਾ ਹੈ ਕਿ ਸੰਸਥਾਵਾਂ ਵਲੋਂ ਜਨਵਰੀ 2020 ਦੌਰਾਨ SCVT ਪ੍ਰੀਖਿਆ ਵਿਚ ਅਪੀਅਰ ਹੋਣ ਵਾਲੇ ਸਲਾਨਾ ਤੇ ਸਮੈਸਟਰ ਦੇ ਯੋਗ ਸਿਖਿਆਰਥੀਆਂ ਤੋਂ ਹੇਠ ਦਸੇ ਅਨੁਸਾਰ ਪ੍ਰੀਖਿਆ ਫੀਸ ਪ੍ਰਾਪਤ ਕਰਕੇ ਇਕੱਠੀ ਕਰ ਲਈ ਜਾਵੇ ਜੀ:-

| ਪ੍ਰੀਖਿਆ ਲਈ ਨਿਰਧਾਰਿਤ ਫੀਸ | |
|---|---|
| 1.For SCVT candidates | Rs.560/-(510+50) per candidate per exam |
| 2.For Teacher Training candidates | Rs.560/-(510+50) per candidate per exam |
| 3.For Art & Craft candidates | Rs.610/-(560+50) per candidate per exam |

(ਇਸ ਤੋਂ ਇਲਾਵਾ ਸੰਸਥਾਵਾਂ ਵੱਲੋਂ 50/- ਰੁਪਏ ਪ੍ਰਤੀ ਸਿਖਿਆਰਥੀ ਪ੍ਰਤੀ ਸਮੈਸਟਰ ਪ੍ਰੈਕਟੀਕਲ ਫੀਸ ਆਪਣੇ ਪੱਧਰ ਤੇ ਲਈ ਜਾਵੇਗੀ। ਇਹ ਰਕਮ ਸੰਸਥਾ ਵਲੋਂ ਪ੍ਰੈਕਟੀਕਲ ਪ੍ਰੀਖਿਆ ਕਰਵਾਉਣ ਲਈ ਰਾਅ ਮਟੀਰੀਅਲ ਆਦਿ ਖਰੀਦਣ ਲਈ ਵਰਤੀ ਜਾਵੇਗੀ। ਸਮੂਹ ਸੰਸਥਾਵਾਂ ਸਿਖਿਆਰਥੀਆਂ ਦੇ ਏ.ਪੀ.ਐਫ ਫਾਰਮ ਭਰ ਕੇ ਆਪਣੇ ਰਿਕਾਰਡ ਵਿੱਚ ਰੱਖਣਗੀਆਂ।)

**ਵਿਸ਼ੇਸ਼ ਕਥਨ:** ਦਸਿਆ ਜਾਂਦਾ ਹੈ ਕਿ ਜਿਨ੍ਹਾਂ ਸੰਸਥਾਵਾਂ ਵਲੋਂ ਹਵਾਲਾ ਜਿਕਰ ਕੀਤੇ ਗਏ ਪੱਤਰ ਅਧੀਨ ਮਾਰਚ 2020 ਵਿਚ ਹੋਣ ਵਾਲੀਆਂ ਰੀਅਪੀਅਰ ਪ੍ਰੀਖਿਆਵਾਂ ਸਬੰਧੀ ਅਪੀਅਰ ਹੋਣ ਵਾਲੇ ਯੋਗ ਸਿਖਿਆਰਥੀਆਂ ਦੀਆਂ ਫੀਸਾਂ ਬੋਰਡ ਖਾਤੇ ਵਿਚ ਜਮ੍ਹਾ ਕਰਵਾਈਆਂ ਜਾ ਚੁਕੀਆਂ ਹਨ, ਉਹਨਾਂ ਸੰਸਥਾਵਾਂ ਨੂੰ ਖਾਸ ਤੌਰ ਤੇ ਸੁਚਿਤ ਕੀਤਾ ਜਾਂਦਾ ਹੈ ਕਿ ਜੇਕਰ ਕਿਸੇ ਯੋਗ ਸਿਖਿਆਰਥੀ ਦੀ ਰੀਅਪੀਅਰ ਦੀ ਪ੍ਰੀਖਿਆ ਫੀਸ ਜਮ੍ਹਾ ਕਰਵਾਉਣੀ ਰਹਿ ਗਈ ਹੋਵੇ ਤਾਂ ਉਸ ਸੰਬਧਤ ਸਿਖਿਆਰਥੀ/ ਸਿਖਿਆਰਥੀਆਂ ਦੀ ਬਣਦੀ ਪ੍ਰੀਖਿਆ ਫੀਸ ਨੂੰ ਵੀ ਜਮ੍ਹਾ ਕਰਵਾਇਆ ਜਾਣਾ ਯਕੀਨੀ ਬਣਾਇਆ ਜਾਵੇ।

ਚਲਦਾ..1/2

ਇਸ ਤੋਂ ਇਲਾਵਾ ਸਮੂਹ ਸੰਸਥਾਵਾਂ ਹਵਾਲਾ ਅਧੀਨ ਪੱਤਰ ਅਨੁਸਾਰ ਮਾਰਚ 2020 ਦੌਰਾਨ ਤਕ ਦੀਆਂ ਜਮ੍ਹਾਂ ਕਰਵਾਈਆਂ ਗਈਆਂ ਰੀਅਪੀਅਰ ਸਿਖਿਆਰਥੀਆਂ ਦੀਆਂ ਪ੍ਰੀਖਿਆ ਫੀਸਾਂ ਦੀਆਂ ਰਸੀਦਾਂ ਅਤੇ ਹੁਣ ਦੇ ਸਮੇਂ ਸੈਸ਼ਨ 2020-21 ਦੌਰਾਨ ਅਪੀਅਰ ਹੋਣ ਵਾਲੇ ਰੀਅਪੀਅਰ ਅਤੇ ਰੈਗੁਲਰ ਯੋਗ ਸਿਖਿਆਰਥੀਆਂ ਤੋਂ ਇਕੱਠਾ ਕੀਤੀ ਜਾਣ ਵਾਲੀ ਫੀਸਾਂ ਦੀਆਂ ਰਸੀਦਾਂ (ਜਦੋਂ ਫੀਸ ਬੈਂਕ ਵਿਚ ਜਮ੍ਹਾ ਹੋ ਜਾਵੇ) ਦੀ ਕਾਪੀ ਨੂੰ ਜਾਣਕਾਰੀ ਅਤੇ ਰਿਕਾਰਡ ਹਿੱਤ ਈ.ਮੇਲ ਰਾਹੀਂ ਭੇਜਣਾ ਯਕੀਨੀ ਬਨਾਉਣਗੀਆਂ।

ਦਸਿਆ ਜਾਂਦਾ ਹੈ ਕਿ ਸੰਸਥਾਵਾਂ ਵੱਲੋਂ ਸਲਾਨਾ ਤੇ ਸਮੈਸਟਰ ਪ੍ਰੀਖਿਆ ਵਿੱਚ ਅਪੀਅਰ ਹੋਣ ਵਾਲੇ ਸਿਖਿਆਰਥੀਆਂ ਵਲੋਂ ਜਮ੍ਹਾਂ ਕਰਵਾਈ ਗਈ ਫੀਸ ਦਾ ਰਿਕਾਰਡ ਵੱਖ-ਵੱਖ ਰੱਖਿਆ ਜਾਵੇ ਤਾਂ ਜੋ ਲੋੜ ਪੈਣ ਤੇ ਬੋਰਡ ਦਫਤਰ ਨੂੰ ਸੂਚਿਤ ਕੀਤਾ ਜਾ ਸਕੇ।

ਇੱਕਠੀ ਕੀਤੀ ਫੀਸ ਨੂੰ ਜਮ੍ਹਾਂ ਕਰਾਉਣ ਲਈ ਬੈਂਕਾਂ ਦਾ ਨਾਂ ਤੇ ਅਕਾਉਣ ਨੰਬਰ ਬਾਰੇ ਲੇਖਾਸ਼ਾਖਾ ਤੋਂ ਪ੍ਰਾਪਤ ਹੋਣ ਵਾਲੀ ਜਾਣਕਾਰੀ ਅਨੁਸਾਰ ਛੇਤੀ ਹੀ ਦਫਤਰ ਵਲੋਂ ਸੂਚਿਤ ਕੀਤਾ ਜਾਵੇਗਾ।

15/12/20

**ਕੰਟਰੋਲਰ ਪ੍ਰੀਖਿਆਵਾਂ(ਆਈ.ਟੀ.ਆਈ)**
**ਵਾਸਤੇ ਸਕੱਤਰ**

ਉਪਰੋਕਤ ਦਾ ਉਤਾਰਾ ਹੇਠ ਦਰਸਾਇਆਂ ਨੂੰ ਸੂਚਨਾ ਹਿੱਤ ਭੇਜਿਆ ਜਾਂਦਾ ਹੈ:-

1. ਪ੍ਰਾਈਵੇਟ ਸਕੱਤਰ ਟੂ ਚੇਅਰਮੈਨ
2. ਪੀ.ਏ/ਸਕੱਤਰ
3. ਸਿਸਟਮ ਐਡਮਿਨਸਟ੍ਰੇਟਰ
4. ਸੈਕਸ਼ਨ ਅਫਸਰ(ਲੇਖਾ ਸ਼ਾਖਾ)
5. ਜਿਲ੍ਹਿਆਂ ਦੇ ਕਾਰਜ ਨਾਲ ਸਬੰਧਿਤ ਸੂਚਨਾਂ ਸਹਾਇਕਾਂ ਲਈ।

15/12/20

**ਕੰਟਰੋਲਰ ਪ੍ਰੀਖਿਆਵਾਂ(ਆਈ.ਟੀ.ਆਈ)**
**ਵਾਸਤੇ ਸਕੱਤਰ**